ਜਮਾਤ ਦੱਸਵੀਂ ਵਿਸ਼ਾ ਪੰਜਾਬੀ

## ਸ਼ਬਦ - ਬੋਧ

ਹਰੇਕ ਭਾਸ਼ਾ ਕੋਲ ਅਸੀਮ ਸ਼ਬਦ - ਭੰਡਾਰ ਹੁੰਦਾ ਹੈ । ਇਹਨਾਂ ਵਿੱਚੋਂ ਬਹੁਤ ਸਾਰੇ ਸ਼ਬਦ ਜੀਵਾਂ , ਸਥਾਨਾਂ , ਵਸਤਾਂ ਦੇ ਨਾਂ ਹੁੰਦੇ ਹਨ | ਮਨੁੱਖੀ ਆਲਾ ਦੁਆਲਾ ਕੁਦਰਤ ਦੇ ਅਜਿਹੇ ਵਰਤਾਰੇ ਨਾਲ ਭਰਪੂਰ ਹੈ । ਮਨੁੱਖ ਆਪਣੇ ਸੰਪਰਕ ਵਿੱਚ ਆਉਣ ਵਾਲੀ ਹਰੇਕ ਵਸਤੂ , ਵਰਤਾਰੇ , ਭਾਵਨਾ ਆਦਿ ਦਾ ਕੋਈ ਨਾ ਕੋਈ ਨਾਂ ਰੱਖ ਲੈਂਦਾ ਹੈ । ਓਪਰੀ ਨਜ਼ਰੇ ਇਹ ਨਾਮ - ਸੰਸਾਰ ਦੀ ਹੀ ਭਾਸ਼ਾ ਜਾਪਦੀ ਹੈ ਪਰ ਬਹੁਤ ਸਾਰੇ ਸ਼ਬਦ ਅਜਿਹੇ ਵੀ ਹਨ ਜੋ ਵਸਤਾਂ ਦੇ ਨਾਂ ਨਹੀਂ , ਸਗੋਂ ਉਹਨਾਂ ਦੇ ਗੁਣਾਂ , ਕਿਰਿਆਵਾਂ ਤੇ ਭਾਵਾਂ ਦੀ ਪੇਸ਼ਕਾਰੀ ਕਰਦੇ ਹਨ । ਕੁਝ ਸ਼ਬਦ ਅਜਿਹੇ ਵੀ ਹਨ ਜੋ ਗੁਣਾਂ , ਕਿਰਿਆਵਾਂ ਤੇ ਭਾਵਾਂ ਦੀ ਪੇਸ਼ਕਾਰੀ ਨਹੀਂ ਕਰਦੇ ਸਗੋਂ ਉਹਨਾਂ ਵਿਚਲੇ ਸੰਬੰਧਾਂ ਨੂੰ ਉਜਾਗਰ ਕਰਨ ਦੀ ਭੂਮਿਕਾ ਨਿਭਾਉਂਦੇ ਹਨ । ਇਸ ਪ੍ਰਕਾਰ ਵਿਆਕਰਨ ਵਿੱਚ ਭਾਸ਼ਾ ਦੇ ਇਸ ਵਿਸ਼ਾਲ ਤੇ ਜਟਿਲ ਸ਼ਬਦ - ਭੰਡਾਰ ਨੂੰ ਕੁਝ ਸੀਮਿਤ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ । ਵਾਕ ਵਿੱਚ ਸ਼ਬਦ ਇਹਨਾਂ ਸ਼ਬਦ - ਸ਼੍ਰੇਣੀਆਂ ਦੇ ਮੈਂਬਰਾਂ ਵਜੋਂ ਵਿਚਰਦੇ ਹਨ । ਇੱਕੋ ਸ਼੍ਰੇਣੀ ਨਾਲ ਸੰਬੰਧਿਤ ਸ਼ਬਦ ਸਾਂਝੇ ਵਿਆਕਰਨਿਕ ਲੱਛਣਾਂ ਦੇ ਧਾਰਨੀ ਹੁੰਦੇ ਹਨ । ਉਦਾਹਰਨ ਦੇ ਤੌਰ ` ਤੇ ਮੁੰਡਾ , ਪੁਲਿਸ , ਡਾਕਟਰ , ਰੁੱਖ , ਪਾਣੀ ਆਦਿ ਸ਼ਬਦ ਨਾਂਵ ਹਨ ਅਤੇ ਨਾਂਵ ਦੀ ਇੱਕੋ ਸ਼੍ਰੇਣੀ ਨਾਲ ਸੰਬੰਧਿਤ ਹਨ । ਇਸ ਤੋਂ ਇਲਾਵਾ ਕੁਝ ਸ਼ਬਦ ਅਜਿਹੇ ਹਨ ਜੋ ਇੱਕ ਤੋਂ ਵੱਧ ਸ਼੍ਰੇਣੀਆਂ ਦੇ ਮੈਂਬਰ ਦੀ ਭੂਮਿਕਾ ਨਿਭਾਉਂਦੇ ਹਨ , ਜਿਵੇਂ : ਬੱਚਾ ਤਰ ਖਾ ਰਿਹਾ ਹੈ । ( ਨਾਂਵ ) ਉਹ ਦਰਿਆ ਵਿੱਚ ਤਰ ਰਹੇ ਹਨ । ( ਕਿਰਿਆ ) ਤਰ ਕੰਧ ਉਤੇ

ਸੀਮਿੰਟ ਵੱਧ ਪਕੜ ਕਰਦਾ ਹੈ । ( ਵਿਸ਼ੇਸ਼ਣ ) ਉਹ ਘਰ ਦੇ ਮੋੜ ਉੱਤੇ ਖੜ੍ਹਾ ਸੀ । ( ਨਾਂਵ ) ਉਸ ਨੇ ਮੇਰਾ ਸਾਰਾ ਸਮਾਨ ਮੋੜ ਦਿੱਤਾ ਹੈ । ( ਕਿਰਿਆ ) ਇਸ ਪ੍ਰਕਾਰ ਵਿਆਕਰਨ ਵਿੱਚ ਸ਼ਬਦਾਂ ਦਾ ਅਧਿਐਨ ਦੋ ਪ੍ਰਕਾਰ ਨਾਲ ਹੁੰਦਾ ਹੈ । ਇੱਕ ਅਧਿਐਨ ਦਾ ਸੰਬੰਧ ਸ਼ਬਦਾਂ ਦੀ ਸ੍ਰੇਣੀ - ਵੰਡ , ਰੂਪਾਂਤਰ , ਰਚਨਾ ਅਤੇ ਵਰਤੋਂ ਦੇ ਨੇਮਾਂ ਨਾਲ ਹੈ । ਇਸ ਨੂੰ ਸ਼ਬਦ - ਬੋਧ ਕਿਹਾ ਜਾਂਦਾ ਹੈ । ਇੱਥੇ ਸ਼ਬਦ - ਭੇਦ ਬਾਰੇ ਹੀ ਦੱਸਿਆ ਗਿਆ ਹੈ ।

ਸ਼ਬਦ - ਭੇਦ

ਸ਼ਬਦ ਭਾਸ਼ਾ ਦੀ ਛੋਟੀ ਤੋਂ ਛੋਟੀ ਅਰਥ - ਯੁਕਤ ਇਕਾਈ ਹੈ । ਯੋਗ ਦੇ ਆਧਾਰ ' ਤੇ ਪੰਜਾਬੀ ਸ਼ਬਦ - ਸ੍ਰੇਣੀਆਂ ਨੂੰ ਹੇਠ ਲਿਖੇ ਅੱਠ ਭਾਗਾਂ ਵਿੱਚ ਵੰਡਿਆ ਜਾਂਦਾ ਹੈ । ਇਸ ਨੂੰ ਸ਼ਬਦ - ਭੇਦ ਆਖਿਆ ਜਾਂਦਾ ਹੈ । 1. ਨਾਂਵ 2.ਪੜਨਾਂਵ 3 ਵਿਸ਼ੇਸ਼ਣ 4. ਕਿਰਿਆ 5. ਕਿਰਿਆ - ਵਿਸ਼ੇਸ਼ਣ 6. ਸੰਬੰਧਕ , ਯੋਜਕ 8. ਵਿਸਮਕ ।

1. ਨਾਂਵ : ਕਿਸੇ ਵਿਅਕਤੀ , ਸਥਾਨ , ਜੀਵ , ਵਸਤੂ , ਹਾਲਤ , ਗੁਣ , ਕੰਮ ਆਦਿ ਦੇ ਨਾਂ ਨੂੰ ਨਾਂਵ ਕਿਹਾ ਜਾਂਦਾ ਹੈ , ਜਿਵੇਂ : ਬਲਦੀਪ , ਜਲੰਧਰ , ਬਲਦ , ਪੈਂਨਸਿਲ , ਗਰਮੀ , ਅਮੀਰੀ , ਪਿਆਸ ਆਦਿ ।

2. ਪੜਨਾਂਵ : ਜਿਹੜਾ ਸ਼ਬਦ ਕਿਸੇ ਨਾਂਵ ਦੀ ਥਾਂ ਵਰਤਿਆ ਜਾਵੇ ਉਸ ਨੂੰ ਪੜਨਾਂਵ ਆਖਦੇ ਹਨ , ਜਿਵੇਂ : ਮੈਂ , ਤੂੰ , ਉਹ ਆਦਿ ।

3. ਵਿਸ਼ੇਸ਼ਣ : ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਨਾਲ ਆ ਕੇ ਉਸ ਦੀ ਵਿਸ਼ੇਸ਼ਤਾ ਪ੍ਰਗਟ ਕਰੇ , ਉਸ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ , ਜਿਵੇਂ : ਗੋਰਾ , ਕਾਲਾ ,ਅਠਾਰਾਂ ,ਮੋਟਾ ,ਸਾਊ ਆਦਿ।

4. ਕਿਰਿਆ : ਉਹ ਸ਼ਬਦ ਜਿਸ ਤੋਂ ਕਿਸੇ ਕੰਮ ਦਾ ਹੋਣਾ ਜਾਂ ਕਰਨਾ ਪ੍ਰਗਟ ਹੁੰਦਾ ਹੋਵੇ , ਕਿਰਿਆ ਅਖਵਾਉਂਦਾ ਹੈ , ਜਿਵੇਂ : ਗਿਆ ,ਆਵਾਂਗਾ , ਸੌਂਦਾ , ਪੜ੍ਹੋ ।

5. ਕਿਰਿਆ - ਵਿਸ਼ੇਸ਼ਣ : ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦ ਨੂੰ ਕਿਰਿਆ - ਵਿਸ਼ੇਸ਼ਣ ਆਖਦੇ ਹਨ , ਜਿਵੇਂ : ਹੌਲੀ ,ਤੇਜ਼ ,ਅੱਗੇ ,ਇੱਥੇ ਆਦਿ ।

6. ਸੰਬੰਧਕ : ਜਿਹੜਾ ਸ਼ਬਦ ਨਾਂਵ , ਪੜਨਾਂਵ ਜਾਂ ਵਿਸ਼ੇਸ਼ਣ ਸ਼ਬਦ ਦਾ ਵਾਕ ਦੇ ਕਿਸੇ ਦੂਜੇ ਸ਼ਬਦ ਨਾਲ ਸੰਬੰਧ ਸਪਸ਼ਟ ਕਰਦਾ ਹੈ , ਉਸ ਨੂੰ ਸੰਬੰਧਕ ਆਖਦੇ ਜਿਵੇਂ : : ਦਾ , ਦੇ , ਦੀ , ਨੇ , ਨੂੰ , ਕੋਲ ਆਦਿ ।

7. ਯੋਜਕ : ਜਿਹੜਾ ਸ਼ਬਦ ਦੋ ਵਾਕਾਂਸ਼ਾਂ , ਉਪਵਾਕਾਂ ਜਾਂ ਵਾਕਾਂ ਨੂੰ ਜੋੜਦਾ ਹੈ , ਉਸ ਨੂੰ ਯੋਜਕ ਕਿਹਾ ਜਾਂਦਾ ਹੈ , ਜਿਵੇਂ : ਕਿਉਂਕਿ , ਨਾਲੇ , ਜਾਂ , ਭਾਵੇਂ , ਕਿ , ਅਤੇ ਆਦਿ ਹਨ ।

8. ਵਿਸਮਕ : ਖ਼ੁਸ਼ੀ , ਗਮੀ , ਹੈਰਾਨੀ , ਭੈ , ਪ੍ਰਸੰਸਾ , ਆਦਿ ਭਾਵਾਂ ਦੇ ਪ੍ਰਗਟਾਵੇ ਲਈ ਸੁਭਾਵਿਕ ਹੀ ਮੂੰਹੋਂ ਨਿਕਲੇ ਸ਼ਬਦ ਵਿਸਮਕ ਹੁੰਦੇ ਹਨ , ਜਿਵੇਂ : ਵਾਹ , ਆਹਾ , ਹਾਏ , ਉਫ਼ ਆਦਿ ।

#ਮਹੱਤਵਪੂਰਨ ਪ੍ਰਸ਼ਨ ਉੱਤਰ:-

- ਸਬਦ ਅਰਥਾਂ ਦੀ ਪੱਧਰ ਤੇ ਭਾਸ਼ਾ ਦੀ ਛੋਟੀ ਤੋਂ ਛੋਟੀ ਸੁਤੰਤਰ ਕਿਹੜੀ ਇਕਾਈ ਹੈ ?
- ਸਾਰਥਕ ਸ਼ਬਦ ।
- ਸਾਰਥਕ ਸ਼ਬਦਾਂ ਦੀ ਸ਼੍ਰੇਣੀ ਵੰਡ ਕਿੰਨੇ ਪ੍ਰਕਾਰ ਦੀ ਹੈ ?
- ਅੱਠ ਪ੍ਰਕਾਰ ਦੀ ।

- ਜਿਹੜੇ ਸ਼ਬਦਾਂ ਦਾ ਕੋਈ ਅਰਥ ਨਹੀਂ ਹੁੰਦਾ ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?
- ਨਿਰਾਰਥਕ ਸ਼ਬਦ।
- ਵਿਆਕਰਨ ਵਿੱਚ ਕੇਵਲ ਕਿਹੜੇ ਸ਼ਬਦਾਂ ਦੀ ਵਰਤੋਂ ਹੁੰਦੀ ਹੈ ?
- ਸਾਰਥਕ ਸ਼ਬਦਾਂ ਦੀ ।
- ਮੁੰਡਾ ਕਿਹੜਾ ਸ਼ਬਦ ਹੈ ?
- ਵਿਕਾਰੀ ।
- ਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ ?
- ਪੰਜ ।
- ਜਿਹੜੇ ਸ਼ਬਦ ਕਿਸੇ ਮਨੁੱਖ, ਵਸਤੂ, ਜਾਂ ਸਥਾਨ ਦੇ ਨਾਵਾਂ ਦਾ ਬੋਧ ਕਰਾਉਣ, ਉਹਨਾਂ ਨੂੰ ਕੀ ਆਖਦੇ ਹਨ ?
- ਨਾਂਵ ।
- ਵਾਕ ਵਿੱਚ ਨਾਂਵ ਦੀ ਥਾਂ ਤੇ ਵਰਤੇ ਜਾਣ ਵਾਲੇ ਸ਼ਬਦ ਨੂੰ ਕੀ ਕਿਹਾ ਜਾਂਦਾ ਹੈ ?
- ਪੜਨਾਂਵ ।
- ਮੈਂ, ਆਪ,ਜਿਹੜੇ ,ਅਸੀਂ, ਤੁਸੀਂ ਸ਼ਬਦ ਕੀ ਹਨ ?
- ਪੜਨਾਂਵ ।
- ਨਾਂਵਾਂ ਦੀ ਵਿਸ਼ੇਸ਼ਤਾ, ਗੁਣ ਅਉਗੁਣ ਜਾਂ ਗਿਣਤੀ ਦੱਸਣ ਵਾਲੇ ਸ਼ਬਦ ਕੀ ਹੁੰਦੇ ਹਨ ?
- ਵਿਸ਼ੇਸ਼ਣ ।
- ਜਿਹੜੇ ਸ਼ਬਦ ਕਿਸੇ ਕੰਮ ਦਾ ਹੋਣਾ , ਕਰਨਾ ਜਾਂ ਵਾਪਰਨਾ ਆਦਿ ਕਾਲ ਸਹਿਤ ਪ੍ਰਗਟ ਕਰਨ , ਉਹ ਕੀ ਹੁੰਦੇ ਹਨ ?
- ਕਿਰਿਆ ।

- ਕਿਰਿਆ ਦੀ ਵਿਸ਼ੇਸ਼ਤਾ , ਸਮਾਂ ਜਾਂ ਢੰਗ ਪ੍ਰਗਟ ਕਰਨ ਵਾਲਾ ਸ਼ਬਦ ਕੀ ਹੁੰਦਾ ਹੈ ?
- ਕਿਰਿਆ ਵਿਸ਼ੇਸ਼ਣ ।
- ਜਿਹੜਾ ਸ਼ਬਦ ਵਾਕ ਵਿੱਚ ਨਾਂਵ , ਪੜਨਾਂਵ ਜਾਂ ਵਿਸ਼ੇਸ਼ਣ ਦਾ ਦੂਜੇ ਸ਼ਬਦਾਂ ਨਾਲ  ਸੰਬੰਧ ਪ੍ਰਗਟ ਕਰੇ , ਉਸਨੂੰ ਕੀ ਕਹਿੰਦੇ ਹਨ ?
- ਸੰਬੰਧਕ ।
- ਜਿਹੜੇ ਸ਼ਬਦ ਦੋ ਵਾਕਾਂ , ਦੋ ਵਾਕੰਸ਼ਾਂ ਨੂੰ ਆਪਸ ਵਿਚ ਜੋੜਨ , ਨੂੰ ਕੀ ਕਿਹਾ ਜਾਂਦਾ ਹੈ ?
- ਯੋਜਕ ।
- ਜਿਹੜੇ ਸ਼ਬਦ ਮਨ ਦੀ ਖੁਸ਼ੀ , ਗਮੀ , ਜਾਂ ਹੈਰਾਨੀ ਪ੍ਰਗਟ ਕਰਨ, ਉਹ ਕੀ ਹੁੰਦੇ ਹਨ ?
- ਵਿਸਮਿਕ।

ਵਤਨ ਸਿੰਘ ਸੰਧੂ ਪੰਜਾਬੀ ਮਾਸਟਰ 📞📞9855539200